# 92

# ਕਲਵਰੀ ਦੇ ਮੋਅਜਜ਼ੇ[1]

## ਮੱਤੀ 27:45, 46, 50-54; ਮਰਕੁਸ 15:33, 37-39; ਲੂਕਾ 23:44-48; ਯੂਹੰਨਾ 19:28, 30, ਇਕ ਨੇੜ ਝਾਤ

ਐਵਰੇਸਟ ਪਹਾੜ ਦੇ ਆਲੇ ਦੁਆਲੇ ਦੁਨੀਆਂ ਦੀਆਂ ਕੁਝ ਸਭ ਤੋਂ ਸ਼ਾਨਦਾਰ ਉੱਚੀਆਂ ਚੋਟੀਆਂ ਹਨ, ਪਰ ਐਵਰੇਸਟ ਦੀ ਉਚਿਆਈ ਕਰਕੇ[2] ਸਾਡੇ ਵਿੱਚੋਂ ਕਈਆਂ ਨੇ ਉਨ੍ਹਾਂ ਦਾ ਨਾਂਅ ਵੀ ਨਹੀਂ ਸੁਣਿਆ ਹੈ। ਐਵਰੇਸਟ ਦੀ ਉਚਿਆਈ ਕਰਕੇ ਦੂਜੀਆਂ ਚੋਟੀਆਂ ਨਜ਼ਰ ਵੀ ਨਹੀਂ ਆਉਂਦੀਆਂ। ਇਸੇ ਤਰ੍ਹਾਂ ਯਿਸੂ ਦੀ ਸਲੀਬ ਦੇ ਨੇੜੇ ਤੇੜੇ ਕਈ ਜ਼ਬਰਦਸਤ ਮੋਅਜਜ਼ੇ ਹੋਏ ਜਿਵੇਂ ਸੂਰਜ ਦਾ ਲੁਕ ਜਾਣਾ, ਇਕ ਵੱਡੇ ਭੁਚਾਲ ਦਾ ਆਉਣਾ, ਹੈਕਲ ਦੇ ਪੜਦੇ ਦਾ ਪਾਟ ਜਾਣਾ ਅਤੇ ਕਬਰਾਂ ਦੇ ਖੁੱਲ੍ਹਣ ਅਤੇ ਮਰੇ ਹੋਏ ਸੰਤਾਂ ਦਾ ਜੀ ਉੱਠਣਾ। ਪਰ ਮਸੀਹ ਦੀ ਮੌਤ ਦੀ ਅਹਿਮ ਘਟਨਾ ਹੈ ਕਿ ਸਾਡੇ ਵਿੱਚੋਂ ਕਈ ਲੋਕ ਉਨ੍ਹਾਂ ਅਨੋਖੀਆਂ ਘਟਨਾਵਾਂ ਤੋਂ ਵਾਕਫ਼ ਨਹੀਂ ਹਨ।

ਇਨ੍ਹਾਂ ਅਲੌਕਿਕ ਘਟਨਾਵਾਂ ਨੂੰ ''ਸਲੀਬ ਦੇ ਹੇਠਲੀਆਂ ਪਹਾੜੀਆਂ'' ਕਿਹਾ ਜਾਂਦਾ ਹੈ। ਸਹੀ ਢੰਗ ਨਾਲ ਸਮਝਣ ਤੇ ਹਰ ਘਟਨਾ ਯਿਸੂ ਦੀ ਕੁਰਬਾਨੀ ਦੇ ਮੋਅਜਜ਼ੇ ਨੂੰ ਵਧਾਉਂਦੀ ਹੈ। ਵਿਲੀਅਮ ਨਿਕੋਲਸਨ ਨੇ ਉਨ੍ਹਾਂ ਨੂੰ ''ਨਿਸ਼ਾਨਾਂ ਦੀ ਲੜੀ ਜਿਹੜੀ ਯਿਸੂ ਮਸੀਹ ਦੀ ਮੌਤ ਤੇ ਲਵੇਟੀ ਹੋਈ ਹੈ, ਅਤੇ ਜਿਸ ਨੇ ਇਸ ਨੂੰ ਅਨਾਦੀ ਛੁਟਕਾਰੇ ਦੇ ਇਕ ਅਰਥ ਵਿਚ ਬੰਨ੍ਹ ਰੱਖਿਆ ਹੈ'' ਦਾ ਨਾਂਅ ਦਿੱਤਾ ਹੈ।[3] ''ਕਲਵਰੀ ਦੇ ਮੋਅਜਜ਼ੇ'' ਵੇਖਦੇ ਹੋਏ ਮੇਰੀ ਦੁਆ ਹੈ ਕਿ ਇਸ ਅਧਿਆਇ ਨਾਲ ਸਾਨੂੰ ਸਭ ਨੂੰ ਹੋਰ ਸਮਝਣ ਵਿਚ ਮਦਦ ਮਿਲੇ ਜੋ ਯਿਸੂ ਨੇ ਸਾਡੇ ਲਈ ਕੀਤਾ ਹੈ।

### ਹਨੇਰਾ: ਇਕ ਇਲਾਹੀ ਅਜੂਬਾ[4]
### (ਮੱਤੀ 27:45, 46; ਮਰਕੁਸ 15:33; ਲੂਕਾ 23:44, 45ੳ)

**ਕੀ ਹੋਇਆ**

ਗਲਗਥਾ ਦੇ ਨਜ਼ਾਰੇ ਦੀ ਤਸਵੀਰ ਆਪਣੇ ਦਿਮਾਗ਼ ਵਿਚ ਉਤਾਰ ਲਵੋ। ਸਵੇਰੇ 9:00 ਵਜੇ ਤੋਂ ਦੁਪਹਿਰ ਤਕ ਹਲਚਲ ਹੋ ਰਹੀ ਸੀ। ਯਿਸੂ ਆਪਣੀ ਮਾਤਾ ਦਾ ਧਿਆਨ ਰੱਖਦਿਆਂ, ਇਕ ਡਾਕੂ ਨੂੰ ਬਚਾਉਂਦਿਆਂ ਅਤੇ ਸਾਹ ਲੈਣ ਲਈ ਤੜਫ਼ਦੇ ਹੋਏ ਆਪਣੇ ਦੁਸ਼ਮਣਾਂ ਲਈ ਦੁਆ ਕਰ ਰਿਹਾ ਸੀ। ਉਸ ਦੇ ਵੈਰੀ ਉਸ ਦੇ ਕੱਪੜਿਆਂ ਦੇ ਗੁਣੇ ਪਾਉਣ ਅਤੇ ਉਸ ਨੂੰ ਤਾਅਨੇ ਮਾਰਨ ਵਿਚ ਮਸਰੂਫ਼ ਸਨ। ਰੋਣ ਵਾਲੀਆਂ ਔਰਤਾਂ ਅਤੇ ਮਸੀਹ ਦੀ ਮਾਂ ਨੂੰ ਆਪਣੇ ਨਾਲ ਲਿਜਾਣ ਵਾਲੇ ਰਸੂਲ ਵਰਗੇ ਦੂਜੇ ਲੋਕ ਵੀ ਮਸਰੂਫ਼ ਸਨ। ਫਿਰ ਦਰਿਸ਼ ਤੇ ਹਨੇਰਾ ਛਾ ਜਾਣ ਨਾਲ ਅਚਾਨਕ ਸਭ ਖਾਮੋਸ਼ ਹੋ ਗਿਆ। ''ਹੁਣ ਦੋ ਕੁ ਪਹਿਰ ਹੋ ਗਏ ਸਨ ਅਰ ਸਾਰੀ ਧਰਤੀ ਉੱਤੇ ਤੀਏ ਪਹਿਰ ਤੀਕਰ ਅਨ੍ਹੇਰਾ ਰਿਹਾ ਅਤੇ ਸੂਰਜ ਕਾਲਾ ਪੈ ਗਿਆ ਅਤੇ ਹੈਕਲ ਦਾ ਪੜਦਾ ਵਿਚਕਾਰੋਂ ਪਾਟ ਗਿਆ'' (ਲੂਕਾ 23:44, 45ੳ; ਵੇਖੋ ਮੱਤੀ 27:45; ਮਰਕੁਸ 15:33)।

ਇਸ ਹਨੇਰੇ ਬਾਰੇ ਬਹੁਤ ਕੁਝ ਹੈ ਜੋ ਅਸੀਂ ਨਹੀਂ ਜਾਣਦੇ। ਅਸੀਂ ਇਹ ਵੀ ਨਹੀਂ ਜਾਣ ਸਕਦੇ ਕਿ

ਇਹ ਹਨੇਰਾ ਕਿੰਨਾ ਸੀ, ਭਾਵੇਂ ਮੈਂ ਇਸ ਤੋਂ ਐਨਾਂ ਹਨੇਰਾ ਹੋਣ ਦੀ ਕਲਪਨਾ ਕਰਦਾ ਹਾਂ ਜਿਸ ਨਾਲ ਹੱਥ ਨੂੰ ਹੱਥ ਨਜ਼ਰ ਨਾ ਆ ਰਿਹਾ ਹੋਵੇ। ਅਸੀਂ ਪੱਕਾ ਨਹੀਂ ਆਖ ਸਕਦੇ ਕਿ ਇਹ ਹਨੇਰਾ ਕਿੰਨੀ ਕੁ ਦੇਰ ਦਾ ਸੀ ਜਾਂ ਯਹੂਦੀਆ ਤੋਂ ਅੱਗੇ ਕਿੱਥੋਂ ਤਕ ਸੀ। ਖ਼ੁਦਾ ਦੀ ਪ੍ਰੇਰਣਾ ਰਹਿਤ ਮਸੀਹੀ ਅਤੇ ਗੈਰ ਮਸੀਹੀ ਦੋਹਾਂ ਲਿਖਤਾਂ ਤੋਂ ਸੰਕੇਤ ਮਿਲਦਾ ਹੈ ਕਿ ਇਸ ਘਟਨਾ ਦਾ ਬੇਵਿਸ਼ਵਾਸਿਆਂ ਨੂੰ ਵੀ ਪਤਾ ਸੀ ਅਤੇ ਹੋ ਸਕਦਾ ਹੈ ਕਿ ਰੋਮੀ ਸਰਕਾਰ ਦੇ ਇਤਿਹਾਸ ਵਿਚ ਵੀ ਦਰਜ ਕੀਤੀ ਗਈ ਹੋਵੇ।[5]

ਘੱਟੋ ਘੱਟ ਅਸੀਂ ਇਹ ਜਾਣ ਸਕਦੇ ਹਾਂ ਕਿ ਇਹ ਹਨੇਰਾ ਕੋਈ ਕੁਦਰਤੀ ਘਟਨਾ ਨਹੀਂ ਸੀ। ਸੰਦੇਹਵਾਦੀਆਂ ਨੇ ਇਸ ਨੂੰ ਸੂਰਜ ਗ੍ਰਹਿਣ ਦੱਸਣ ਦੀ ਕੋਸ਼ਿਸ਼ ਕੀਤੀ ਹੈ, ਪਰ ਪਸਾਹ ਦੇ ਪਰਬ ਦੌਰਾਨ ਯਹੂਦੀਆ ਵਿਚ ਸੂਰਜ ਗ੍ਰਹਿਣ ਦੀ ਗੱਲ ਨਾਮੁਮਕਿਨ ਸੀ।[6] ਹੋਰਨਾਂ ਨੇ ਇਸ ਨੂੰ ਬੱਦਲ ਛਾ ਜਾਣ ਜਾਂ ਰੇਤ ਦਾ ਤੂਫ਼ਾਨ ਆਖ ਕੇ ਇਸ ਨੂੰ ਨਕਾਰਿਆ ਹੈ। ਪਰ ਜੇ ਆਮ ਘਟਨਾ ਹੁੰਦੀ ਤਾਂ ਇੰਜੀਲ ਦੇ ਵੇਰਵਿਆਂ ਦੇ ਲੇਖਕ ਇਸ ਤੇ ਜ਼ੋਰ ਨਾ ਦਿੰਦੇ। ਇਹ ਯਕੀਨ ਕਰ ਲੈਣ ਤੇ ਕਿ ਇਹ ਘਟਨਾ ਅਲੌਕਿਕ ਸੀ, ਇਸ ਦੇ ਸਮੇਂ[7] ਅਤੇ ਸਲੀਬ ਦੇ ਆਲੇ ਦੁਆਲੇ ਦੇ ਲੋਕਾਂ ਤੇ ਇਸ ਦੇ ਪ੍ਰਭਾਵ ਸਣੇ ਕਈ ਕਾਰਣ ਹਨ।[8]

**ਜੋ ਇਸ ਦਾ ਮਤਲਬ ਸੀ**

ਮੇਰਾ ਮੰਨਣਾ ਹੈ ਕਿ ਇਹ ਇਕ *ਇਲਾਹੀ ਅਜੂਬਾ* ਭਾਵ ਉਹ *ਨਿਸ਼ਾਨ* ਸੀ ਕਿ ਖ਼ੁਦਾ ਇਨਸਾਨਾਂ ਦੀਆਂ ਸਾਜਿਸ਼ਾਂ ਨਾਲ ਨਾਕਾਮ ਨਹੀਂ ਹੋਇਆ ਸੀ, ਬਲਕਿ ਉਹ ਆਪਣੀ ਸਨਾਤਨ ਮੰਸ਼ਾ ਉੱਤੇ ਕੰਮ ਕਰ ਰਿਹਾ ਸੀ। ਲੋਕਾਂ ਨੇ ਸੁਰਗ ਤੋਂ ਇਕ ਨਿਸ਼ਾਨ ਮੰਗਿਆ ਸੀ (ਮੱਤੀ 16:1; ਮਰਕੁਸ 8:11; ਲੂਕਾ 11:16) ਅਤੇ ਉਨ੍ਹਾਂ ਨੂੰ ਉਹ ਨਿਸ਼ਾਨ ਮਿਲ ਗਿਆ ਜਿਸ ਦੀ ਉਨ੍ਹਾਂ ਨੂੰ ਉਮੀਦ ਨਹੀਂ ਸੀ। ਇਹ ਹਨੇਰਾ *ਕਸ਼ਟ* ਭਾਵ ਉਸ ਤਕਲੀਫ਼ ਦਾ ਇਕ ਨਿਸ਼ਾਨ ਸੀ ਜਿਹੜੀ ਸਾਡੇ ਲਈ ਮਰ ਕੇ ਯਿਸੂ ਨੇ ਸਹਿਣੀ ਸੀ (1 ਕੁਰਿੰਥੀਆਂ 15:3)।[9] ਇਹ *ਸੰਘਰਸ਼* ਦਾ ਨਿਸ਼ਾਨ ਸੀ ਕਿ ਮਸੀਹ ਅਤੇ ਬੁਰਿਆਈ ਦੀਆਂ ਸ਼ਕਤੀਆਂ ਵਿਚਕਾਰ ਨਿਰਣਾਇਕ ਜੰਗ ਹੋਈ (ਉਤਪਤ 3:15; ਲੂਕਾ 22:53; ਇਬਰਾਨੀਆਂ 2:14)। ਇਹ *ਜੁਦਾਈ* ਦਾ ਇਕ ਨਿਸ਼ਾਨ ਸੀ ਕਿ ਸਾਡੇ ਪਾਪਾਂ ਲਈ ਆਖ਼ਰੀ ਸਜ਼ਾ ਚੁਕਾ ਦੇਣ ਤੇ ਪਿਤਾ ਨੇ ਉਸ ਨੂੰ ਛੱਡ ਦਿੱਤਾ ਸੀ (ਵੇਖੋ ਮੱਤੀ 27:46)।

ਖ਼ੁਦਾ ਨੇ ਦੁਨੀਆਂ ਦੇ ਸਭ ਤੋਂ ਵੱਡੇ ਰਹੱਸ ਕਿ ਕਿਵੇਂ ਇਕ ਮਨੁੱਖ ਕਰੋੜਾਂ ਲੋਕਾਂ ਦੇ ਪਾਪਾਂ ਲਈ ਮਰ ਸਕਦਾ ਹੈ, ਤੇ ਹਨੇਰੇ ਦਾ ਪੜਦਾ ਪਾ ਦਿੱਤਾ ਸੀ। ਇਹ ਢੁਕਵਾਂ ਲਗਦਾ ਹੈ ਕਿ ਮਸੀਹ ਦੀ ਸਭ ਤੋਂ ਵੱਡੀ ਤਕਲੀਫ਼ ਵੇਲੇ ਖਾਮੋਸ਼ੀ ਹੁੰਦੀ–ਜਿਵੇਂ ਪੂਰੀ ਤਰ੍ਹਾਂ ਨਾ ਸਮਝ ਆਉਣ ਤੇ ਕਿ ਉਸ ਨੇ ਸਾਡੇ ਲਈ ਕੀ ਕੀਤਾ ਅਸੀਂ ਖਾਮੋਸ਼ ਹੋ ਜਾਂਦੇ ਹਾਂ।

## ਭੁਚਾਲ: ਇਲਾਹੀ ਸ਼ਕਤੀ (ਮੱਤੀ 27:46, 50, 51ਅ, 54ੳ; ਲੂਕਾ 23:46; ਯੂਹੰਨਾ 19:28, 30)

ਹਨੇਰੇ ਦੇ ਤਿੰਨ ਘੰਟੇ ਖਤਮ ਹੋਣ ਵਾਲੇ ਸਨ, ਜਦ ਯਿਸੂ ਨੇ ਪੁਕਾਰ ਕੇ ਆਖਿਆ, ''ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ ਤੈਂ ਮੈਨੂੰ ਕਿਉਂ ਛੱਡ ਦਿੱਤਾ'' (ਮੱਤੀ 27:46)। ਇਸ ਦੇ ਫੌਰਨ ਬਾਅਦ ਤਿੰਨ ਹੋਰ ਵਚਨ ਨਿਕਲੇ: ''ਮੈਂ ਤਿਹਾਇਆ ਹਾਂ'' (ਯੂਹੰਨਾ 19:28); ''ਪੂਰਾ ਹੋਇਆ ਹੈ!'' (ਯੂਹੰਨਾ 19:30); ਅਤੇ ''ਹੇ ਪਿਤਾ, ਮੈਂ ਆਪਣੀ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ'' (ਲੂਕਾ 23:46)। ਫਿਰ ਉਸ ਨੇ ''ਉੱਚੀ ਆਵਾਜ਼ ਨਾਲ ਪੁਕਾਰ ਕੇ ਜਾਨ ਦੇ ਦਿੱਤੀ'' (ਮੱਤੀ 27:50)। ਉਸ ਦੇ ਇਹ ਕਹਿਣ ਵੇਲੇ ਕਈ ਵੱਡੀਆਂ ਘਟਨਾਵਾਂ ਹੋਈਆਂ।

### ਜੋ ਹੋਇਆ

ਪਹਿਲਾਂ ਤਾਂ ਭੂਚਾਲ ਆਇਆ (ਵੇਖੋ ਮੱਤੀ 27:54) ਜਿਸ ਵਿਚ ਧਰਤੀ ਕੰਬਣ ਲੱਗੀ (ਮੱਤੀ 27:51ਅ)। ਕੁਝ ਘਟਨਾਵਾਂ ਭੁਚਾਲ ਵਾਂਗ ਹੀ ਕੰਬਾ ਦੇਣ ਵਾਲੀਆਂ ਹੁੰਦੀਆਂ ਹਨ, ਜਦ ''ਟੈਰਾਫ਼ਰਮਾ''[10] ਮਜ਼ਬੂਤ ਨਹੀਂ ਰਹੀ, ਤਾਂ ''ਠੋਸ'' ਜ਼ਮੀਨ ਵੀ ਠੋਸ ਨਹੀਂ ਰਹਿੰਦੀ। ਮੈਨੂੰ ਨਹੀਂ ਪਤਾ ਕਿ ਰਿਕਟਰ ਸਕੇਲ ਤੇ ਇਸ ਭੁਚਾਲ ਦਾ ਮਾਪ ਕਿੰਨਾ ਕੁ ਸੀ,[11] ਪਰ ਇਹ ਐਨਾਂ ਜ਼ਬਰਦਸਤ ਸੀ ਕਿ ਇਸ ਨਾਲ ਚੱਟਾਨਾਂ ਤਿੜਕ ਗਈਆਂ (ਮੱਤੀ 27: 51ੲ) ਅਤੇ ਕਬਰਾਂ ਖੁੱਲ੍ਹ ਗਈਆਂ (ਮੱਤੀ 27:52ੳ)।

ਇਹ ਭੁਚਾਲ ਜ਼ਮੀਨ ਦੇ ਹੇਠਾਂ ਬਣੇ ਦਬਾਅ ਦੇ ਕਾਰਣ ਨਹੀਂ ਆਇਆ ਸੀ, ਜਿਸ ਨਾਲ ਇਕ ਚੱਟਾਨ ਨਾਲ ਲਗਦੇ ਲਗਦੇ ਦੂਜੀ ਚੱਟਾਨ ਖਿਸਕ ਗਈ ਹੋਵੇ।[12] ਇਸ ਘਟਨਾ ਦੇ ਵਕਤ ਅਤੇ ਪ੍ਰਭਾਵਾਂ ਵਿਚ ਖ਼ੁਦਾ ਦਾ ਹੱਥ ਵੇਖਿਆ ਜਾਂਦਾ ਹੈ। ਇਹ ਘਟਨਾ ਯਿਸੂ ਦੀ ਮੌਤ ਦੇ ਵਕਤ (ਮੱਤੀ 27:50, 51) ਵਾਪਰੀ ਅਤੇ ਇਸ ਨਾਲ ਹੈਕਲ ਦਾ ਪੜਦਾ ਪਾਟ ਗਿਆ (ਮੱਤੀ 27:51) ਅਤੇ ਕੁਝ ਖ਼ਾਸ ਕਬਰਾਂ ਖੁਲ੍ਹ ਗਈਆਂ (ਮੱਤੀ 27:51, 52)। ਇਸ ਨੂੰ ਵੇਖਣ ਵਾਲਿਆਂ ਤੇ ਪਏ ਪ੍ਰਭਾਵ ਨਾਲ ਵੀ ਇਸ ਘਟਨਾ ਵਿਚ ਖ਼ੁਦਾ ਦਾ ਮਕਸਦ ਨਜ਼ਰ ਆਉਂਦਾ ਹੈ (ਮੱਤੀ 27:54)।

### ਜੋ ਇਸ ਦਾ ਮਤਲਬ ਸੀ

ਇਹ ਭੁਚਾਲ *ਇਲਾਹੀ ਸ਼ਕਤੀ* ਦਾ ਇਕ ਮੁਜ਼ਾਹਿਰਾ ਸੀ। ਸੀਨੈ ਪਹਾੜ ਤੇ ਸ਼ਰ੍ਹਾ ਦੇ ਦਿੱਤੇ ਜਾਣ ਵੇਲੇ ''ਸਾਰਾ ਪਹਾੜ ਅੱਤ ਕੰਬ ਰਿਹਾ ਸੀ'' (ਕੂਚ 19:18)। ਹੁਣ ਜਦ ਯਿਸੂ ਨੇ ਉਸ ਸ਼ਰ੍ਹਾ ਨੂੰ ਪੂਰਾ ਕਰ ਦਿੱਤਾ,[13] ਧਰਤੀ ਫਿਰ ਕੰਬੀ। ਇਸ ਭੁਚਾਲ ਨਾਲ ਕੁਦਰਤ ਨੂੰ ਪ੍ਰਭਾਵਿਤ ਕਰਨ ਲਈ ਖ਼ੁਦਾ ਦੀ ਸ਼ਕਤੀ ਦਾ ਮੁਜ਼ਾਹਿਰਾ ਹੀ ਨਹੀਂ ਹੋਇਆ ਬਲਕਿ ਹੋਰ ਵੀ ਬਹੁਤ ਕੁਝ ਵਿਖਾਇਆ ਗਿਆ। ਇਸ ਨਾਲ ਲੋਕਾਂ ਦੇ ਮਨਾਂ ਨੂੰ ਛੂਹਣ ਦੀ ਉਸ ਦੀ ਸ਼ਕਤੀ ਦੀ ਤਸਦੀਕ ਵੀ ਹੋਈ: ''ਸੂਬੇਦਾਰ ਅਤੇ ਜਿਹੜੇ ਉਹਦੇ ਨਾਲ ਜਿਹੜੇ ਯਿਸੂ ਦੀ ਰਾਖੀ ਕਰਦੇ ਸਨ ਭੁਚਾਲ ਅਤੇ ਸਾਰੀ ਵਾਰਤਾ ਵੇਖ ਕੇ ਬਹੁਤ ਡਰੇ ਅਤੇ ਬੋਲੇ, ਇਹ ਸਚਮੁਚ ਪਰਮੇਸ਼ੁਰ ਦਾ ਪੁੱਤਰ ਸੀ'' (ਮੱਤੀ 27:54)। ਮਸੀਹ ਦੀ ਮੌਤ ਨਾਲ ਮੇਲ ਖਾਣ ਵਾਂਗ ਹੀ ਇਸ ਦਾ ਸੰਕੇਤ ਪਾਪ ਨੂੰ ਨਾਸ ਕਰਨ ਦੀ ਖ਼ੁਦਾ ਦੀ ਸ਼ਕਤੀ ਵੀ ਹੋ ਸਕਦਾ ਹੈ।

## ਪੜਦੇ ਦਾ ਪਾਟਣਾ, ਇਕ ਇਲਾਹੀ ਮਕਸਦ (ਮੱਤੀ 27:50, 51ੳ; ਮਰਕੁਸ 15:37, 38; ਲੂਕਾ 23:45ਅ)

### ਜੋ ਹੋਇਆ

ਤੀਜਾ ਮੋਅਜਜ਼ਾ ਵੇਖਣ ਲਈ ਸਾਨੂੰ ਗਲਗਥਾ ਤੋਂ ਦੂਰ, ਨਗਰ ਦੇ ਫ਼ਾਟਕਾਂ ਦੇ ਅੰਦਰ ਹੈਕਲ ਦੇ ਇਲਾਕੇ ਵਿਚ ਦੱਖਣ ਵਿਚ ਜਾਣਾ ਪਵੇਗਾ। ਯਿਸੂ ਦੇ ਆਖ਼ਰੀ ਵਾਰ ਪੁਕਾਰਣ ਅਤੇ ਉਸ ਇਲਾਕੇ ਦੀ ਜ਼ਮੀਨ ਕੰਬ ਜਾਣ ਤੇ, ਹੈਕਲ ਦੇ ਅੰਦਰ ਕੁਝ ਹੋਰ ਵੀ ਬੇਮਿਸਾਲ ਹੋਇਆ: ''... ਵੇਖੋ ਹੈਕਲ ਦਾ ਪੜਦਾ ਉੱਪਰੋਂ ਲੈ ਕੇ ਹੇਠਾਂ ਤਾਈਂ ਪਾਟ ਕੇ ਦੋ ਹੋ ਗਿਆ'' (ਮੱਤੀ 27:51; ਵੇਖੋ ਮਰਕੁਸ 15:38; ਲੂਕਾ 23:45ਅ[14])।

ਇਸ ਖ਼ਾਸ ਘਟਨਾ ਦੇ ਮਹੱਤਵ ਨੂੰ ਸਮਝਣ ਲਈ, ਸਾਨੂੰ ਉਸ ਦਰਿਸ਼ ਨੂੰ ਮਨ ਵਿਚ ਉਤਾਰਣਾ ਪਵੇਗਾ ਅਤੇ ਫਿਰ ਉਸ ਘਟਨਾ ਨੂੰ ਵੀ। ਯਿਸੂ ਸ਼ਾਮ ਦੀ ਦੁਆ ਦੇ ਵਕਤ, 3:00 ਵਜੇ ਮਰਿਆ (ਮੱਤੀ 27:46; ਵੇਖੋ ਰਸੂਲਾਂ ਦੇ ਕੰਮ 3:1)। ਉਸ ਵਕਤ ਵਿਸ਼ਵਾਸੀ ਯਹੂਦੀ, ਮਰਦ ਅਤੇ ਔਰਤਾਂ ਸਭ ਔਰਤਾਂ ਦੇ ਅਹਾਤੇ ਵਿਚ ਦੁਆ ਲਈ ਇਕੱਠੇ ਹੁੰਦੇ ਸਨ। ਉਨ੍ਹਾਂ ਦੇ ਦੁਆ ਕਰਨ ਵੇਲੇ ਇਕ ਯਾਜਕ

ਹੈਕਲ ਵਿਚ ਧੂਪ ਬਾਲਣ ਲਈ ਜਾਂਦਾ ਸੀ।

ਆਪਣੇ ਆਪ ਨੂੰ ਯਾਜਕ ਦੇ ਤੌਰ ਤੇ ਵੇਖਣ ਦੀ ਕਲਪਨਾ ਕਰੋ, ਜਿਸ ਨੂੰ ਉਸ ਦਿਨ ਧੂਪ ਬਾਲਣ ਲਈ ਪਵਿੱਤਰ ਸਥਾਨ ਵਿਚ ਜਾਣ ਦਾ ਮੌਕਾ ਮਿਲਿਆ ਸੀ। ਇਹ ਉਹ ਸਨਮਾਨ ਹੈ ਜੋ ਤੁਹਾਨੂੰ ਜ਼ਿੰਦਗੀ ਵਿਚ ਇੱਕੋ ਹੀ ਵਾਰ ਮਿਲਿਆ ਹੈ। ਪਵਿੱਤਰ ਸਥਾਨ ਵਿਚ ਵੜਦਿਆਂ ਤੁਹਾਡੇ ਦਿਲ ਦੀਆਂ ਧੜਕਣਾਂ ਤੇਜ਼ ਹੋ ਰਹੀਆਂ ਹਨ। ਤੁਹਾਡੇ ਬਿਲਕੁਲ ਸਾਹਮਣੇ ਪੜਦੇ ਦੇ ਅੱਗੇ ਧੂਪ ਦੀ ਇਕ ਛੋਟੀ ਜਿਹੀ ਵੇਦੀ ਹੈ, ਜਿਸ ਨਾਲ ਪਰਮ ਪਵਿੱਤਰ ਸਥਾਨ ਢੱਕਿਆ ਹੋਇਆ ਹੈ।[15] ਜਿਵੇਂ ਕਿ ਨਾਂਅ ਤੋਂ ਹੀ ਪਤਾ ਲਗਦਾ ਹੈ ਕਿ ਪਰਮ ਪਵਿੱਤਰ ਸਥਾਨ ਤੁਹਾਡੀ ਨਜ਼ਰ ਵਿਚ ਦੁਨੀਆਂ ਦਾ ਸਭ ਤੋਂ ਪਵਿੱਤਰ ਸਥਾਨ ਹੈ। (ਉਸ ਮੰਦਰ ਵਿਚ ਸਿਰਫ਼ ਮਹਾਂਯਾਜਕ ਨੂੰ ਹੀ ਵੜਨ ਦੀ ਇਜਾਜ਼ਤ ਸੀ ਅਤੇ ਉਹ ਵੀ ਸਾਲ ਵਿਚ ਸਿਰਫ਼ ਇੱਕੋ ਵਾਰ, ਪਰਾਸਚਿਤ ਦੇ ਪਰਬ ਦੌਰਾਨ; ਇਬਰਾਨੀਆਂ 9:7; ਕੂਚ 30:10; ਲੇਵੀਆਂ ਦੀ ਪੋਥੀ 16:29–34.)

ਸੋਨੇ ਦੀ ਵੇਦੀ ਵੱਲ ਨੂੰ ਵਧਦਿਆਂ ਤੁਸੀਂ 30 ਫੁਟ ਚੌੜੇ ਅਤੇ 30 ਫੁਟ ਲੰਮੇ (9 ਮੀਟਰ ਚੌੜਾ ਅਤੇ 9 ਮੀਟਰ ਲੰਮਾ) ਇਸ ਦੇ ਪਿੱਛੇ ਦੇ ਵੱਡੇ ਪੜਦੇ[16] ਤੋਂ ਪਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਦੇ। ਮੂਸਾ ਨੂੰ ਤੰਬੂ ਲਈ ਅਜਿਹਾ ਹੀ ਪੜਦਾ ਬਨਾਉਣ ਲਈ ਹਦਾਇਤ ਦਿੱਤੀ ਗਈ ਸੀ:

> ਤੂੰ ਨੀਲੇ ਬੈਂਜਣੀ ਅਰ ਕਿਰਮਚੀ ਅਰ ਮਹੀਨ ਉਣੇ ਹੋਏ ਕਤਾਨ ਦਾ ਇਕ ਪੜਦਾ ਬਣਾਈਂ। ਉਹ ਕਾਰੀਗਰ ਦਾ ਕੰਮ ਹੋਵੇ ਅਤੇ ਕਰੂਬੀਆਂ ਨਾਲ ਬਣਾਇਆ ਜਾਵੇ। ਤੂੰ ਉਸ ਨੂੰ ਸ਼ਿਤੀਮ ਦੀ ਲੱਕੜੀ ਦੀਆਂ ਸੋਨੇ ਦੀਆਂ ਮੜ੍ਹੀਆਂ ਹੋਈਆਂ ਚਹੁੰ ਥੰਮ੍ਹੀਆਂ ਉੱਤੇ ਲਮਕਾਵੀਂ ਅਰ ਉਨ੍ਹਾਂ ਦੇ ਕੁੰਢੇ ਸੋਨੇ ਦੇ ਹੋਣ ਅਰ ਉਹ ਚਾਂਦੀ ਦੀਆਂ ਚੌਂਹ ਚੀਥੀਆਂ ਉੱਤੇ ਹੋਣ। ਤੂੰ ਪੜਦੇ ਨੂੰ ਕੁੰਡਿਆਂ ਦੇ ਹੇਠ ਲਮਕਾਵੀਂ ਅਰ ਤੂੰ ਉੱਥੇ ਉਸ ਪੜਦੇ ਦੇ ਅੰਦਰ ਸਾਖੀ ਦੇ ਸੰਦੂਕ ਨੂੰ ਲਿਆਵੀਂ ਅਰ ਇਹ ਪੜਦਾ ਤੁਹਾਡੇ ਲਈ ਪਵਿੱਤਰ ਅਸਥਾਨ ਨੂੰ ਅਤੇ ਅੱਤ ਪਵਿੱਤਰ ਅਸਥਾਨ ਤੋਂ ਵੱਖਰਾ ਕਰੇਗਾ (ਕੂਚ 26:31–33)।

ਸੁਲੇਮਾਨ ਨੇ ਹੈਕਲ ਬਣਾਉਣ ਵੇਲੇ, ਅਜਿਹੀਆਂ ਹੀ ਹਦਾਇਤਾਂ ਦਿੱਤੀਆਂ ਹੋਣਗੀਆਂ, ਕਿਉਂਕਿ ''ਉਸ ਨੇ ਪੜਦਾ ਨੀਲੇ, ਬੈਂਜਣੀ, ਕਿਰਮਚੀ ਮਹੀਨ ਕਤਾਨ ਦੇ ਕੱਪੜੇ ਦਾ ਬਣਾਇਆ ਅਰ ਉਹਦੇ ਉੱਤੇ ਕਰੂਬੀਆਂ ਦੀ ਕਢਾਈ ਵੀ ਕੀਤੀ'' (2 ਇਤਿਹਾਸ 3:14)।

ਹੇਰੋਦੇਸ ਦੀ ਹੈਕਲ[17] ਦਾ ਪੜਦਾ ਇਸੇ ਦੇ ਨਮੂਨੇ ਤੇ ਬਣਾਇਆ ਗਿਆ ਹੋਵੇਗਾ। ਨਿਕੋਲਸਨ ਨੇ ਬਿਆਨ ਕੀਤਾ ਹੈ ਕਿ ਇਹ ਪੜਦਾ ਪਵਿੱਤਰ ਸਥਾਨ ਵਿਚ ਵੜਨ ਵਾਲੇ ਜਾਜਕ ਨੂੰ ਕਿੰਨਾ ਵੱਡਾ ਲੱਗਦਾ ਹੋਵੇਗਾ:

> ਇਹ ਮਹੀਨ ਬੁਣਿਆ ਹੋਇਆ ਕੱਪੜਾ ਸੀ। ''ਬੁਣੇ ਹੋਏ ਕਤਾਨ'' ਦੇ ਕੰਮ ਦੇ ਨੀਲਾ, ਬੈਂਜਣੀ ਅਤੇ ਚਟਕੀਲਾ ਲਾਲ ਰੰਗ ਦਾ ਵਿਖਾਇਆ ਗਿਆ ਸੀ। ਅਤੇ ਇਹ ਤਿੰਨੇ ਰੰਗ ... ਕਰੂਬਾਂ ਦੇ ਸਮੂਹ ਵਿਚ ਬੁਣੇ ਹੋਏ ਸਨ। ਇਹ ਜ਼ਿੰਦਗੀ ਅਤੇ ਸ਼ਕਤੀ ਨਾਲ *[ਸਰਾਬੋਰ]*, ਖੂਬਸੂਰਤੀ ਅਤੇ ਤੇਜ਼ ਨੂੰ ਵਿਖਾਉਂਦਾ ਇਕ ਪੜਦਾ ਸੀ। ...
>
> ਸੋਨੇ ਦੇ ਸ਼ਮਾਦਾਨ ਦੀ ਰੌਸ਼ਨੀ ਵਿਚ ... ਇਹ ਕਿੰਨਾਂ ਦਿਲਕਸ਼ ਲਗਦਾ ਹੋਵੇਗਾ।[18] ਆਪਣੇ ਤੋਂ ਪਿੱਛੇ ਆਪਣੇ ਤੋਂ ਵੱਡੇ ਤੇਜ ਨੂੰ ਲੁਕਾ ਕੇ ਟੰਗਿਆ ਹੋਇਆ ਇਹ ਪੜਦਾ ਮਨ ਨੂੰ ਭੈਭੀਤ ਕਰ ਦੇਣ ਵਾਲਾ ਹੋਵੇਗਾ। ਕਰੂਬ ਦੇ ਕੰਮ ਵਿਚ ਪਹਿਰੇਦਾਰ ਦੀ ਚੌਕਸੀ ਦੇ ਇਜ਼ਹਾਰ ਨਾਲ ਖਾਮੋਸ਼ੀ ਨਾਲ ਪਰ ਸੰਜੀਦਗੀ ਨਾਲ ਕਹਿ ਰਿਹਾ ਹੁੰਦਾ ਸੀ, ''ਇੱਥੋਂ ਤਕ ਹੀ, ਇਸ ਤੋਂ ਅੱਗੇ ਨਹੀਂ।''[19]

ਹੁਣ ਆਪਣੀ ਨਜ਼ਰ ਪੜਦੇ ਤੋਂ ਹਟਾ ਕੇ ਆਪਣੇ ਕੰਮ ਨੂੰ ਕਰਨ ਦੀ ਤਿਆਰੀ ਤੇ ਲਾਓ। ਵੇਦੀ ਦੀ ਅੱਗ ਤੇ ਧੂਫ਼ ਛਿੜਕਣੀ ਸ਼ੁਰੂ ਕਰਨ ਤੇ ਤੁਸੀਂ ਆਪਣੇ ਪੈਰਾਂ ਦੇ ਹੇਠਾਂ ਜ਼ਮੀਨ ਹਿੱਲਣ ਕਰਕੇ ਹੈਕਲ ਦਾ ਫ਼ਰਸ਼ ਹਿੱਲਦਿਆਂ ਵੇਖ ਕੇ ਗੋਡਿਆਂ ਭਾਰ ਹੋਣ ਲਗਦੇ ਹੋ।[20] ਫਿਰ ਕੁਝ ਵੱਖਰੀ ਹੀ ਘਟਨਾ ਹੁੰਦੀ ਹੈ ਕਿ ਤੁਹਾਨੂੰ ਪਾਟਣ ਦੀ ਅਵਾਜ਼ ਸੁਣਾਈ ਦਿੰਦੀ ਹੈ। ਉੱਪਰ ਵੱਲ ਨੂੰ ਵੇਖਦੇ ਹੋਏ, ਸਿਰ ਤੋਂ ਵੀ ਵੱਧ ਫੁੱਟ ਉਚਿਆਈ ਤੇ ਤੁਹਾਨੂੰ ਛੋਟਾ ਜਿਹਾ ਚੀਰਾ ਨਜ਼ਰ ਆਉਂਦਾ ਹੈ, ਜੋ ਪੜਦੇ ਦੇ ਸਿਰੇ ਦੇ ਵਿਚਕਾਰ ਹੈ। ਤੁਸੀਂ ਦੰਗ ਹੋ ਕੇ ਵੇਖ ਰਹੇ ਹੋ ਅਤੇ ਉਹ ਪੜਦਾ ਹੇਠਾਂ ਵੱਲ ਨੂੰ ਸਿੱਧਾ ਹੇਠਾਂ ਤਕ ਪਾਟਦਾ ਜਾ ਰਿਹਾ ਹੈ, ਅਤੇ ਅਖ਼ੀਰ ਵਿਚ ਦੋ ਟੋਟੇ ਹੋ ਜਾਂਦਾ ਹੈ ਅਤੇ ਤੁਸੀਂ ਅੱਤ ਪਵਿੱਤਰ ਸਥਾਨ ਦੇ ਭੇਤ ਭਰੇ ਪਰਛਾਵਿਆਂ ਵਿਚ ਝਾਕ ਸਕਦੇ ਹੋ! ਇਹ ਇਕ ਅਜਿਹੀ ਘਟਨਾ ਹੈ ਜਿਸ ਨੂੰ ਤੁਸੀਂ ਜ਼ਿੰਦਗੀ ਭਰ ਨਹੀਂ ਭੁੱਲੋਗੇ, ਬਲਕਿ ਇਹ ਅਜਿਹੀ ਘਟਨਾ ਹੈ ਜੋ ਤੁਸੀਂ ਆਪਣੇ ਬੱਚਿਆਂ ਦੇ ਬੱਚਿਆਂ ਨੂੰ ਵੀ ਦੱਸੋਗੇ!

ਅਲੋਚਕਾਂ ਨੇ ਇਸ ਅਨੋਖੀ ਘਟਨਾ ਨੂੰ ਟਾਲਣ ਦੀ ਬੜੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ''ਉਹ ਪੜਦਾ ਤਾਂ ਭੁਚਾਲ ਨਾਲ ਜ਼ਮੀਨ ਦੇ ਹਿੱਲਣ ਕਰਕੇ ਪਾਟਿਆ ਸੀ,'' ਪਰ ਉਨ੍ਹਾਂ ਦੀ ''ਵਿਆਖਿਆ'' ਯਕੀਨ ਦੁਆਉਣ ਵਾਲੀ ਨਹੀਂ ਹੈ। ਕਿਉਂਕਿ ਜੇ ਭੁਚਾਲ ਐਨਾ ਜ਼ਬਰਦਸਤ ਸੀ ਤਾਂ ਇਸ ਨਾਲ ਟੰਗੇ ਹੋਏ ਢਿੱਲੇ ਪੜਦੇ ਤੇ ਅਸਰ ਹੋਇਆ ਤਾਂ ਹੈਕਲ ਕਿਉਂ ਨਹੀਂ ਡਿੱਗੀ? ਇਸਦੇ ਇਲਾਵਾ ਭੁਚਾਲ ਨਾਲ ਠੋਸ ਚੀਜ਼ਾਂ ਤਾਂ ਢਹ ਹੀ ਸਕਦੀਆਂ ਹਨ ਪਰ ਕਪੜੇ ਤੇ ਇਸ ਦਾ ਬਹੁਤ ਘੱਟ ਅਸਰ ਹੁੰਦਾ। ਬੇਵਿਸ਼ਵਾਸੇ ਲੋਕ ਆਖਦੇ ਹਨ: ''ਹਾਂ, ਇਹ ਪੜਦਾ ਸ਼ਾਇਦ ਪੁਰਾਣਾ ਹੋ ਕੇ ਗਲ ਚੁਕਿਆ ਸੀ ਜਿਸ ਕਰਕੇ ਪਾਟਣ ਹੀ ਵਾਲਾ ਸੀ।'' ਜੇ ਇਹ ਗੱਲ ਸੀ ਤਾਂ ਪੜਦਾ ਲੀਰੋ ਲੀਰ ਹੋ ਜਾਣਾ ਚਾਹੀਦਾ ਸੀ, ਪਰ ਅਜਿਹਾ ਨਹੀਂ ਹੋਇਆ। ਇਸ ਦੇ ਉਲਟ ਇਹ ''ਵਿਚਕਾਰੋਂ ਪਾਟ ਗਿਆ'' ਸੀ (ਲੂਕਾ 23:45)। ਸੋ, ਪੜਦੇ ਦਾ ਪਾਟਣਾ ਕੁਦਰਤੀ ਨਹੀਂ ਸੀ।

ਨਾ ਹੀ ਪੜਦੇ ਦਾ ਇਹ ਪਾਟਣਾ ਮਨੁੱਖੀ ਬਰਬਰਤਾ ਕਰਕੇ ਹੀ ਸੀ। ਜੇ (ਕੁਝ ਲੋਕਾਂ ਲਈ ਕਲਪਨਾ ਰਹਿਤ ਕਾਰਣ) ਲੋਕਾਂ ਨੇ ਪੜਦੇ ਨੂੰ ਪਾੜਨ ਦਾ ਫੈਸਲਾ ਕਰ ਲਿਆ ਸੀ, ਤਾਂ ਇਹ ਪੜਦਾ ਇਕ ਪਾਸਿਓਂ ਭਾਵ ਹੇਠਾਂ ਤੋਂ ਅਤੇ ਦੂਜਾ ਦੂਜੇ ਪਾਸਿਓਂ ਹੇਠਾਂ ਤੋਂ ਪਾਟਦਾ। ਜਦ ਉਹ ਉਸ ਨੂੰ ਖਿੱਚਦੇ ਤਾਂ ਪੜਦਾ *ਹੇਠਾਂ ਤੋਂ ਉੱਪਰ ਤਕ ਪਾਟਣਾ* ਸੀ। ਪਰ ਬਾਈਬਲ ਸਾਫ਼ ਕਰਦੀ ਹੈ ਕਿ ''ਹੈਕਲ ਦਾ ਪੜਦਾ *ਉੱਪਰੋਂ ਲੈ ਕੇ ਹੇਠਾਂ ਤਾਈਂ* ਪਾਟ ਕੇ ਦੋ ਹੋ ਗਿਆ'' (ਮੱਤੀ 27:51ੳ)। ਸਿਰਫ਼ ਇੱਕੋ ਹੀ ਨਿਚੋੜ ਹੈ ਕਿ ਇਹ ਅਦਿੱਖ ਸ਼ਕਤੀਆਂ ਰਾਹੀਂ ਭਾਵ ਖ਼ੁਦ ਖ਼ੁਦਾ ਦੇ ਹੱਥ ਨਾਲ ਉੱਪਰੋਂ ਪਾੜਿਆ ਗਿਆ ਸੀ।[21]

### ਇਸ ਦਾ ਕੀ ਮਤਲਬ ਸੀ

ਅਸੀਂ ਇਸ ਇੱਕੋ ਹੀ ਘਟਨਾ ਤੋਂ ਕੀ ਸਬਕ ਲੈ ਸਕਦੇ ਹਾਂ? ਪੜਦੇ ਦਾ ਪਾਟਣਾ ਸਿੱਧੇ ਤੌਰ ਤੇ ਸਲੀਬ ਦੇ ਇਲਾਹੀ ਮਕਸਦ ਨਾਲ ਸਬੰਧ ਨੂੰ ਵਿਖਾਉਂਦਾ ਹੈ। ਆਓ ਇਨ੍ਹਾਂ ਤਿੰਨ ਸਬਕਾਂ ਤੇ ਵਿਚਾਰ ਕਰਦੇ ਹਾਂ:

(1) ਪੜਦੇ ਦਾ ਪਾਟਣਾ ਪੁਰਾਣੇ ਅਹਿਦਨਾਮੇ (ਪੁਰਾਣੇ ਨੇਮ) ਦੇ ਇੰਤਜ਼ਾਮ ਦੇ ਖ਼ਤਮ ਹੋਣ ਦਾ ਸੰਦੇਸ਼ ਸੀ।[22] ਪੜਦੇ ਦਾ ਪਾਟਣਾ ਯਿਸੂ ਦੀ ਮੌਤ ਨਾਲ ਹੀ ਜੁੜਿਆ ਹੋਇਆ ਸੀ, ਜੋ ਨਵੇਂ ਅਹਿਦਨਾਮੇ (ਨੇਮ) ਦਾ ਮੁੱਢ ਸੀ। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਕਿਹਾ ਹੈ, ''ਜਿਥੇ ਵਸੀਅਤ ਹੈ ਉੱਥੇ ਉਹ ਦੇ ਕਰਨ ਵਾਲੇ ਦੀ ਮੌਤ ਨੂੰ ਸਾਬਤ ਕਰਨਾ ਪੈਂਦਾ ਹੈ। ਕਿਉਂ ਜੋ ਵਸੀਅਤ ਤਾਂ ਹੀ ਪੱਕੀ ਹੁੰਦੀ ਹੈ ਜਦੋਂ ਮੌਤ ਹੋਈ ਹੋਵੇ ਅਤੇ ਜਿੰਨਾ ਚਿਰ ਵਸੀਅਤ ਕਰਨ ਵਾਲਾ ਜੀਉਂਦਾ ਹੈ ਉਹ ਕਿਸੇ ਕੰਮ ਦੀ ਨਹੀਂ'' (ਇਬਰਾਨੀਆਂ 9:16, 17)। ਯਿਸੂ ਦੀ ਮੌਤ ਨਾਲ ਪੁਰਾਣੇ ਅਹਿਦਨਾਮੇ ਦੇ ਖ਼ਾਤਮੇ (ਕੁਲੁੱਸੀਆਂ 2:14) ਅਤੇ ਨਵੇਂ ਅਹਿਦਨਾਮੇ ਦੀ ਸ਼ੁਰੂਆਤ ਦਾ ਸੰਦੇਸ਼ ਦਿੱਤਾ ਗਿਆ ਹੈ।

(2) ਪੜਦੇ ਦੇ ਪਾਟਣ ਨਾਲ ਅਤਿ ਪਵਿੱਤਰ ਸਥਾਨ ਦਾ ਰਸਤਾ ਖੁਲ੍ਹਣ ਵਾਂਗ ਹੀ, ਯਿਸੂ ਦੇ ਸਰੀਰ

ਦੇ ਪਾਟਣ ਨਾਲ ਸੁਰਗ ਵਿਚ ਉਸ ਦੇ ਅਤਿ ਪਵਿੱਤਰ ਸਥਾਨ ਵਿਚ ਵਾਪਸੀ ਦਾ ਸੰਕੇਤ ਮਿਲਿਆ। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਅੱਤ ਪਵਿੱਤਰ ਸਥਾਨ ਅਤੇ ਸੁਰਗ ਵਿਚ ਅਤੇ ਦੁਨਿਆਵੀ ਪੜਦੇ ਅਤੇ ਯਿਸੂ ਦੀ ਦੇਹ ਵਿਚ ਸਮਾਨਤਾ ਬਣਾਈ ਹੈ। ਉਸ ਨੇ ਲਿਖਿਆ ਹੈ, ''... ਜਦੋਂ ਸਾਨੂੰ ਯਿਸੂ ਦੇ ਲਹੂ ਦੇ ਕਾਰਨ ਪਵਿੱਤਰ ਅਸਥਾਨ ਦੇ ਅੰਦਰ ਜਾਣ ਦੀ ਦਿਲੇਰੀ ਹੈ। ਅਰਥਾਤ ਓਸ ਨਵੇਂ ਅਤੇ ਜੀਉਂਦੇ ਰਾਹ ਥੀਂ ਜਿਹੜਾ ਉਹ ਨੇ ਪੜਦੇ ਮਾਨੋ ਆਪਣੇ ਸਰੀਰ ਥਾਣੀ ਸਾਡੇ ਲਈ ਖੋਲਿਆ'' (ਇਬਰਾਨੀਆਂ 10:19, 20)।

(3) ਪੜਦੇ ਦੇ ਪਾਟਣ ਦਾ ਸ਼ਾਇਦ ਸਭ ਤੋਂ ਹੈਰਾਨ ਕਰਨ ਵਾਲਾ ਸਬਕ ਇਹ ਹੈ ਕਿ ਯਿਸੂ ਦੀ ਮੌਤ ਦੇ ਰਾਹੀਂ, ਸਭ ਲੋਕਾਂ ਲਈ ਖ਼ੁਦਾ ਤਕ ਜਾਣ ਦਾ ਰਾਹ ਖੁੱਲ੍ਹ ਗਿਆ ਹੈ। ਜਿਵੇਂ ਪਹਿਲਾਂ ਧਿਆਨ ਦੁਆਇਆ ਗਿਆ ਸੀ, ਹੈਕਲ ਦੇ ਅਤਿ ਪਵਿੱਤਰ ਸਥਾਨ ਵਿਚ ਪੜਦੇ ਵਿੱਚੋਂ ਦੀ ਸਿਰਫ਼ ਮਹਾਂਯਾਜਕ ਨੂੰ ਹੀ ਜਾਣ ਦੀ ਇਜਾਜ਼ਤ ਹੁੰਦੀ ਸੀ। ਉਸ ਪੜਦੇ ਦੇ ਹਟ ਜਾਣ ਨਾਲ, ਦੂਜੇ ਲੋਕ ਉਸ ਭੇਤ ਭਰੇ ਸਥਾਨ ਵਿਚ ਝਾਕ ਸਕਦੇ ਸਨ ਅਤੇ ਸ਼ਾਇਦ ਉਸ ਵਿਚ ਵੜ ਵੀ ਸਕਦੇ ਸਨ। ਹੁਣੇ ਹੁਣੇ ਜਿਹੜੀਆਂ ਆਇਤਾਂ ਅਸੀਂ ਪੜ੍ਹੀਆਂ ਹਨ, ਉਨ੍ਹਾਂ ਵਿਚ ਲੇਖਕ ਨੇ ਸਾਫ਼ ਕੀਤਾ ਹੈ ਕਿ ਖ਼ੁਦਾ ਅਤੇ ਮਨੁੱਖ ਦੇ ਵਿਚਕਾਰ ਰੁਕਾਵਟ ਨੂੰ ਹਟਾ ਦਿੱਤਾ ਗਿਆ ਹੈ। ਹੁਣ ਤੁਹਾਨੂੰ ਅਤੇ ਮੈਨੂੰ ''ਯਿਸੂ ਦੇ ਲਹੂ ਦੇ ਕਾਰਣ ਪਵਿੱਤਰ ਸਥਾਨ [ਸੁਰਗ] ਦੇ ਅੰਦਰ ਜਾਣ ਦੀ ਦਿਲੇਰੀ ਹੈ ਅਰਥਾਤ ਉਸ ਨਵੇਂ ਅਤੇ ਜਿਹੜਾ ਉਹਨੇ ਪੜਦੇ ਮਾਨੋ ਆਪਣੇ ਸਰੀਰ ਥਾਣੀ ਸਾਡੇ ਲਈ ਖੋਲ੍ਹਿਆ ਹੈ, ਜਾਣ ਦੀ ਦਿਲੇਰੀ ਹੈ।'' ਲੇਖਕ ਦਾ ਵਿਚਾਰ ਅਗਲੀਆਂ ਆਇਤਾਂ ਵਿਚ ਜਾਰੀ ਰਹਿੰਦਾ ਹੈ: ''ਅਤੇ ਜਦੋਂ ਸਾਡਾ ਇਕ ਮਹਾ ਜਾਜਕ ਹੈ ਜਿਹੜਾ ਪਰਮੇਸ਼ੁਰ ਦੇ ਘਰ ਦੇ ਉੱਤੇ ਹੈ । ਤਾਂ ਆਓ, ਅਸੀਂ ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ [ਖ਼ੁਦਾ ਦੇ] ਨੇੜੇ ਜਾਈਏ'' (ਇਬਰਾਨੀਆਂ 10:21, 22ੳ)।

ਪੜਦੇ ਨਾਲ ਨਾ ਸਿਰਫ਼ ਖ਼ੁਦਾ ਅਤੇ ਮਨੁੱਖ ਦੇ ਵਿਚਕਾਰ ਦੀ ਰੁਕਾਵਟ ਹਟ ਗਈ ਹੈ ਬਲਕਿ ''ਖ਼ਾਸ'' ਯਾਜਕਾਂ ਅਤੇ ਖ਼ੁਦਾ ਲਈ ''ਆਮ'' ਸੰਤਾਨ ਦੇ ਵਿਚਕਾਰ ਦੀ ਰੁਕਵਾਟ ਵੀ ਹਟ ਗਈ ਹੈ (ਵੇਖੋ 1 ਪਤਰਸ 2:5, 9)। ਅਸੀਂ ਇਹ ਵੀ ਸੁਝਾਅ ਦੇ ਸਕਦੇ ਹਾਂ ਕਿ ਇਸ ਨਾਲ ਲੋਕਾਂ ਦੇ ਵਿਚਕਾਰ ਦੀਆਂ ਰੁਕਾਵਟਾਂ ਵੀ ਹਟ ਗਈਆਂ ਹਨ (ਵੇਖੋ ਅਫ਼ਸੀਆਂ 2:14–16)। ਅਸੀਂ ਇਸ ਗੱਲ ਦਾ ਧਿਆਨ ਰੱਖੀਏ ਕਿ ਅਸੀਂ ਉਸ ''ਪੜਦੇ'' ਨੂੰ ਫਿਰ ਤੋਂ ਉਸ ਦੀ ਪਹਿਲਾਂ ਵਾਲੀ ਥਾਂ ਤੇ ਲਾਉਣ ਦੀ ਕੋਸ਼ਿਸ਼ ਨਾ ਕਰੀਏ![23]

## ਮੁਰਦੇ ਜੀ ਉੱਠੇ: ਇਕ ਇਲਾਹੀ ਵਾਅਦਾ (ਮੱਤੀ 27:51ਅ-53)

### ਕੀ ਹੋਇਆ

ਹੁਣ ਅਸੀਂ ਬਾਈਬਲ ਦੇ ਸਭ ਤੋਂ ਅਨੋਖੇ ਮੋਅਜਜ਼ਿਆਂ ਵਿੱਚੋਂ ਇਕ ਤੇ ਆਉਂਦੇ ਹਾਂ, ਪਰ ਜਿਸ ਦਾ ਵੇਰਵਾ ਬਹੁਤ ਹੀ ਘੱਟ ਸ਼ਬਦਾਂ ਵਿਚ ਦਿੱਤਾ ਗਿਆ ਹੈ। ਮੱਤੀ 27 ਅਧਿਆਇ ਦੱਸਦਾ ਹੈ ਕਿ ਭੁਚਾਲ ਨਾਲ ''ਪੱਥਰ ਤਿੜਕ ਗਏ ਅਤੇ ਕਬਰਾਂ ਖੁੱਲ੍ਹ ਗਈਆਂ ਤੇ ਸੁੱਤੇ ਹੋਏ ਸੰਤਾਂ ਦੀਆਂ ਬਥੇਰੀਆਂ ਲੋਥਾਂ ਉਠਾਈਆਂ ਗਈਆਂ'' (ਆਇਤਾਂ 51ਅ–53)। ਅਸੀਂ ਇਨ੍ਹਾਂ ਦੋ ਮੋਅਜਜ਼ਿਆਂ ਤੇ ਵਿਚਾਰ ਕਰ ਸਕਦੇ ਹਾਂ: (1) ਕਬਰਾਂ ਦਾ ਖੁੱਲ੍ਹਣਾ ਅਤੇ (2) ਮੁਰਦਿਆਂ ਦਾ ਜੀ ਉੱਠਣਾ। ਕਬਰਾਂ ਸ਼ੁੱਕਰਵਾਰ ਦੇਰ ਨੂੰ ਖੁੱਲ੍ਹੀਆਂ ਹੋਣਗੀਆਂ (ਧਰਤੀ ਦੇ ਕੰਬਣ ਤੇ), ਪਰ ਸੰਤਾਂ ਨੂੰ ਐਤਵਾਰ ਸਵੇਰ ਤੋਂ ਪਹਿਲਾਂ ਨਹੀਂ ਉਠਾਇਆ ਗਿਆ ਹੋਵੇਗਾ (ਸ਼ਾਇਦ ਯਿਸੂ ਦੇ ਜੀ ਉੱਠਣ ਦੇ ਵਕਤ ਹੀ)। ਪਰ ਮੱਤੀ ਨੇ ਦੋਹਾਂ ਘਟਨਾਵਾਂ ਨੂੰ ਮਿਲਾ ਦਿੱਤਾ, ਅਤੇ ਅਸੀਂ ਵੀ ਇਵੇਂ ਹੀ ਕਰਾਂਗੇ।

ਆਓ ਜੋ ਕੁਝ ਹੋਇਆ ਸੀ ਉਸ ਨੂੰ ਗੌਰ ਨਾਲ ਵੇਖੀਏ: ਜਦ ਭੁਚਾਲ ਨਾਲ ਪੱਥਰ ਤਿੜਕ ਗਏ, ਤਾਂ ਇਸ ਨਾਲ ਗਲਗਥਾ ਦੇ ਇਲਾਕੇ ਦੀਆਂ ਚੱਟਾਨਾਂ ਵਿਚ ਬਣੀਆਂ ਕੁਝ ਕਬਰਾਂ ਵੀ ਖੁੱਲ੍ਹ ਗਈਆਂ।[24] ਉੱਥੇ ਬਣੀਆਂ ਕਬਰਾਂ ਵਿੱਚੋਂ ਸਿਰਫ਼ ਕੁਝ ਕਬਰਾਂ ਹੀ ਖੁੱਲ੍ਹੀਆਂ ਜੋ ਇਸ ਗੱਲ ਦਾ ਸੰਕੇਤ ਹੈ ਕਿ ਇਹ ਉਹੀ ਕਬਰਾਂ ਸਨ ਜਿਨ੍ਹਾਂ ਵਿੱਚੋਂ ਸਿਰਫ਼ ''ਸੰਤ'' ਹੀ ਜੀ ਉੱਠੇ ਸਨ। ਇਹ ''ਸੰਤ'' ਪੁਰਾਣੇ ਨੇਮ ਵਾਲੇ ਸੰਤ ਹੀ ਹੋ ਸਕਦੇ ਹਨ (ਵੇਖੋ ਜ਼ਬੂਰਾਂ ਦੀ ਪੋਥੀ 34:9)।[25] ਜਿਨ੍ਹਾਂ ਦੀ ਮੌਤ ਮੂਸਾ ਦੀ ਸ਼ਰ੍ਹਾ ਦੇ ਅਧੀਨ ਹੋਈ ਸੀ, ਜਿਹੜੇ ਆਪਣੇ ਖ਼ੁਦਾ ਦੇ ਵਫ਼ਾਦਾਰ ਰਹੇ ਸਨ।

ਭੁਚਾਲ ਆਉਣ ਨਾਲ ਜਦ ਕਬਰਾਂ ਖੁੱਲ੍ਹ ਗਈਆਂ, ਉਨ੍ਹਾਂ ਸੰਤਾਂ ਦੀਆਂ ਲੋਥਾਂ ਬਾਹਰ ਆ ਗਈਆਂ ਹੋਣਗੀਆਂ। ਪਰ ਉਨ੍ਹਾਂ ਲੋਥਾਂ ਦੇ ਬਾਹਰ ਆਉਣ ਕਰਕੇ ਕਿਸੇ ਨੇ ਉਨ੍ਹਾਂ ਨੂੰ ਛੂ ਲਿਆ ਹੋਵੇਗਾ। ਜਿਨ੍ਹਾਂ ਨੇ ਉਨ੍ਹਾਂ ਨੂੰ ਛੁਹਿਆ ਹੋਵੇਗਾ ਉਹ ਰਵਾਇਤੀ ਤੌਰ ਤੇ ਅਸ਼ੁੱਧ ਹੋ ਗਏ ਹੋਣਗੇ (ਗਿਣਤੀ 19:11)। ਅਸ਼ੁੱਧ ਲੋਕਾਂ ਨੂੰ ਸਬਤ ਵਾਲੇ ਦਿਨ ਖ਼ਾਸ ਭੋਜਨ ਖਾਣ ਦੀ ਇਜਾਜ਼ਤ ਨਹੀਂ ਮਿਲੀ ਹੋਵੇਗੀ। ਇਸ ਦੇ ਇਲਾਵਾ ਲੋਕਾਂ ਨੂੰ ਸਬਤ ਵਾਲੇ ਦਿਨ ਕੰਮ ਕਰਨ ਦੀ ਇਜਾਜ਼ਤ ਨਹੀਂ ਹੁੰਦੀ ਸੀ (ਕੂਚ 20:8–11)। ਇਸ ਕਰਕੇ ਸੰਭਾਵਨਾ ਇਹੀ ਹੈ ਕਿ ਲਾਸ਼ਾਂ ਸ਼ੁੱਕਰਵਾਰ ਦੇ ਬਾਕੀ ਦਿਨ, ਸਨਿੱਚਰਵਾਰ ਅਤੇ ਸ਼ਾਇਦ ਐਤਵਾਰ ਦੇ ਕੁਝ ਹਿੱਸੇ ਵਿਚ ਸਭ ਲੋਕਾਂ ਦੇ ਵੇਖਣ ਲਈ ਪਈਆਂ ਰਹੀਆਂ।

ਫੇਰ, ਮਸੀਹ ਦੇ ਜੀ ਉੱਠਣ ਦੇ ਥੋੜੀ ਦੇਰ ਬਾਅਦ ਸ਼ਾਇਦ ਕੁਝ ਦੇਰ ਬਾਅਦ ਹੀ ਖ਼ੁਦਾ ਨੇ ਇਨ੍ਹਾਂ ਸੰਤਾਂ ਨੂੰ ਜ਼ਿੰਦਾ ਕਰ ਦਿੱਤਾ। ਉਹ ਕਬਰਾਂ ਵਿੱਚੋਂ ਨਿਕਲ ਕੇ ''ਪਵਿੱਤਰ ਸ਼ਹਿਰ *[ਯਰੂਸ਼ਲਮ]* ਦੇ ਅੰਦਰ ਚਲੇ ਗਏ ਅਤੇ ਬਹੁਤਿਆਂ ਨੂੰ ਵਿਖਾਈ ਦਿੱਤੇ'' (ਮੱਤੀ 27:53)। ਇਸ ਘਟਨਾ ਦੀਆਂ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ ਜੋ ਸਾਨੂੰ ਪਤਾ ਨਹੀਂ ਹਨ। ਸਾਨੂੰ ਨਹੀਂ ਪਤਾ ਕਿ ਕੌਣ ਜੀ ਉੱਠਿਆ ਹੈ, ਭਾਵੇਂ ਸੰਕੇਤ ਇਹੀ ਹੈ ਕਿ ਯਰੂਸ਼ਲਮ ਦੇ ਲੋਕ ਉਨ੍ਹਾਂ ਨੂੰ ਜਾਣਦੇ ਸਨ।[26] ਸਾਨੂੰ ਨਹੀਂ ਪਤਾ ਕਿ ਉਹ ਕਿਨ੍ਹਾਂ ਨੂੰ ਵਿਖਾਈ ਦਿੱਤੇ ਸਨ। ਭਾਵੇਂ ਜਿਸ ਢੰਗ ਨਾਲ ਮੱਤੀ ਨੇ ਇਨ੍ਹਾਂ ਘਟਨਾਵਾਂ ਨੂੰ ਲਿਖਿਆ ਹੈ, ਉਸ ਤੋਂ ਤਾਂ ਇਹੀ ਲਗਦਾ ਹੈ ਕਿ ਯਰੂਸ਼ਲਮ ਦੇ ਵਿਚ ਰਹਿਣ ਵਾਲੇ ਕਈ ਲੋਕ ਅਜੇ ਵੀ ਇਸ ਵਿਰਤਾਂਤ ਦੀ ਹਕੀਕਤ ਦੀ ਤਸਦੀਕ ਕਰ ਸਕਦੇ ਸਨ। ਸਾਨੂੰ ਨਹੀਂ ਪਤਾ ਕਿ ਅਸਲ ਵਿਚ ਉਹ ਜੀ ਉੱਠਣਾ ਕਿਹੋ ਜਿਹਾ ਸੀ। ਅਸੀਂ ਅੰਦਾਜ਼ਾ ਹੀ ਲਾ ਸਕਦੇ ਹਾਂ ਕਿ ਪੁਰਾਣੇ ਨੇਮ ਦੇ ਅਤੇ ਮਸੀਹ ਦੀ ਸੇਵਕਾਈ ਦੇ ਦੌਰਾਨ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਵਾਲਿਆਂ ਵਾਂਗ ਹੀ ਉਹ ਵੀ ਫੇਰ ਜੀ ਉੱਠੇ ਹੋਣਗੇ।[27]

ਉਸ ਸਭ ਦੇ ਬਾਵਜੂਦ ਜੋ ਸਾਨੂੰ ਪਤਾ ਨਹੀਂ ਹੈ, ਵਿਚਾਰ ਕਰੋ ਕਿ ਇਹ ਘਟਨਾ ਕਿੰਨੀ ਜ਼ਬਰਦਸਤ ਸੀ। ਇਸ ਘਟਨਾ ਤੇ ਧਿਆਨ ਕਰਕੇ ਤੁਸੀਂ ਪੁਰਾਣੇ ਅਤੇ ਨਵੇਂ ਨੇਮ ਦੇ ਜੀ ਉੱਠਣ ਵਾਲਿਆਂ ਨੂੰ ਪੋਟਿਆਂ ਤੇ ਗਿਣ ਸਕਦੇ ਹੋ।[28] ਪਰ ਇੱਥੇ ਇੱਕੋ ਵਾਰ, ''ਸੰਤਾਂ ਦੀਆਂ ਬਥੇਰੀਆਂ ਲੋਥਾਂ ਉਠਾਈਆਂ ਗਈਆਂ''! ਜ਼ਬਰਦਸਤ ਗੱਲ ਹੈ!

**ਇਸ ਦਾ ਜੋ ਮਤਲਬ ਸੀ**

ਇਸ ਜ਼ਿੰਦਗੀ ਵਿਚ, ਸਾਨੂੰ ਕਦੇ ਪਤਾ ਨਹੀਂ ਲਗ ਸਕੇਗਾ ਕਿ ਉੱਥੇ ਕੀ ਕੀ ਹੋਇਆ ਸੀ। ਫਿਰ ਵੀ ਇਹ ਤੱਥ ਕਿ ਸਾਨੂੰ ਦੱਸਿਆ ਗਿਆ ਹੈ ਕਿ ਇਹ ਸੰਤ ''ਉਸ *[ਯਿਸੂ]* ਦੇ ਜੀ ਉੱਠਣ ਦੇ ਬਾਅਦ'' ਜੀ ਉੱਠਣੇ ਸਨ, ਸੁਝਾਅ ਦਿੰਦਾ ਹੈ ਕਿ ਉਸ ਦੇ ਜੀ ਉੱਠਣ ਨੂੰ ਉਨ੍ਹਾਂ ਦੇ ਜੀ ਉੱਠਣ ਨਾਲ ਜੋੜੀਏ। ਸਾਫ਼ ਨਿਚੋੜ ਇਹ ਹੈ ਕਿ ਉਸ ਦੇ ਜੀ ਉੱਠਣ ਨਾਲ ਉਨ੍ਹਾਂ ਦਾ ਜੀ ਉੱਠਣਾ ਸੰਭਵ ਹੋਇਆ– ਬਿਲਕੁਲ ਉਵੇਂ ਹੀ ਜਿਵੇਂ ਉਸ ਦੇ ਜੀ ਉੱਠਣ ਨਾਲ ਸਾਡਾ ਜੀ ਉੱਠਣਾ ਸੰਭਵ ਹੁੰਦਾ ਹੈ। ਪੌਲੁਸ ਨੇ ਲਿਖਿਆ ਹੈ, ''ਪਰ ਹੁਣ ਮਸੀਹ ਤਾਂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਸੁੱਤਿਆਂ ਹੋਇਆਂ *[ਮਰ ਗਿਆਂ]* ਦਾ ਪਹਿਲਾ ਫ਼ਲ ਹੈ[29]'' (1 ਕੁਰਿੰਥੀਆਂ 15:20)। ਅਰ ਇਸ ਕਰਕੇ ਇਹ ਮੋਅਜਜ਼ਾ ਇਕ

*ਇਲਾਹੀ ਵਾਅਦੇ* ਦਾ ਐਲਾਨ ਕਰਦਾ ਹੈ ਕਿ ਜੇ ਅਸੀਂ ਖ਼ੁਦਾ ਦੇ ''ਸੰਤ'' (ਭਾਵ ਵਫ਼ਾਦਾਰ ਮਸੀਹੀ) ਹਾਂ ਤਾਂ ਅਸੀਂ ਵੀ ''ਅੰਤ ਦੇ ਦਿਨ'' ਵਿਚ ਖ਼ੁਦਾ ਦੀ ਸਮਰੱਥਾ ਨਾਲ ਵਡਿਆਈ ਪਾਉਣ ਲਈ ਜ਼ਿੰਦਾ ਕੀਤੇ ਜਾਵਾਂਗੇ (ਯੂਹੰਨਾ 6:40)! ਪੌਲੁਸ ਨੇ ਲਿਖਿਆ:

> ... ਅਸੀਂ ਸੱਭੇ ਨਹੀਂ ਸੌਂਵਾਂਗੇ *[ਭਾਵ, ਮਰਾਂਗੇ; ਮਸੀਹ ਦੇ ਆਉਣ ਤੇ ਕੁਝ ਲੋਕ ਜ਼ਿੰਦਾ ਹੋਣਗੇ]*। ਪਰ ਸੱਭੇ ਛਿੰਨ ਭਰ ਵਿਚ ਅੱਖ ਦੀ ਝਮਕ ਵਿਚ ਛੇਕੜਲੀ ਤੁਰ੍ਹੀ ਫੂਕਦਿਆਂ ਸਾਰ ਹੋਰ ਦੇ ਹੋਰ ਹੋ ਜਾਵਾਂਗੇ। ਤੁਰ੍ਹੀ ਫੂਕੀ ਜਾਵੇਗੀ ਅਤੇ ਮੁਰਦੇ ਅਵਿਨਾਸ਼ੀ ਹੋ ਕੇ ਜੀ ਉੱਠਣਗੇ ਅਤੇ ਅਸੀਂ ਹੋਰ ਦੇ ਹੋਰ ਹੋ ਜਾਵਾਂਗੇ। ਤੁਰ੍ਹੀ ਫੂਕੀ ਜਾਵੇਗੀ ਅਤੇ ਮੁਰਦੇ ਅਵਿਨਾਸ਼ੀ ਹੋ ਕੇ ਜੀ ਉੱਠਣਗੇ ਅਤੇ ਅਸੀਂ ਹੋਰ ਦੇ ਹੋਰ ਹੋ ਜਾਵਾਂਗੇ। ਕਿਉਂ ਜੋ ਜ਼ਰੂਰ ਹੈ ਕਿ ਨਾਸਵਾਨ ਅਵਿਨਾਸ਼ ਨੂੰ ਉਦਾਲੇ ਪਾਵੇ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾਵੇ। ਪਰ ਜਾਂ ਇਹ ਨਾਸਵਾਨ ਅਵਿਨਾਸ਼ ਨੂੰ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾ ਚੁੱਕੇਗਾ ਤਾਂ ਉਹ ਗੱਲ ਜਿਹੜੀ ਲਿਖੀ ਹੋਈ ਹੈ ਪੂਰੀ ਹੋ ਜਾਵੇਗੀ, ਮੌਤ ਫ਼ਤਹਿ ਦੀ ਬੁਰਕੀ ਹੋ ਗਈ। ... ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫ਼ਤਹਿ ਬਖ਼ਸ਼ਦਾ ਹੈ (1 ਕੁਰਿੰਥੀਆਂ 15:51–57)।

ਕਿੰਨਾ ਜ਼ਬਰਦਸਤ ਵਾਅਦਾ ਹੈ!

## ਸਾਰ

ਸਲੀਬ ਵੱਲ ਨੂੰ ਤੱਕਦਿਆਂ ਕਿ ਤੁਹਾਡਾ ਮਨ ਪ੍ਰਭਾਵਿਤ ਨਹੀਂ ਹੁੰਦਾ। ਅਸਮਾਨ ਤਾਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਿਹਾ ਸੀ ਜਿਸ ਕਰਕੇ ਹਨੇਰਾ ਹੋ ਗਿਆ। ਚੱਟਾਨਾਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹੀਆਂ ਸਨ ਜਿਸ ਕਰਕੇ ਉਹ ਤਿੜਕ ਗਈਆਂ। ਹੈਕਲ ਦਾ ਪੜਦਾ ਪ੍ਰਭਾਵਿਤ ਹੋਏ ਬਗੈਰ ਨਹੀਂ ਰਿਹਾ ਸੀ ਕਿਉਂਕਿ ਉਹ ਉੱਪਰ ਤੋਂ ਲੈ ਕੇ ਹੇਠਾਂ ਤਕ ਪਾਟ ਗਿਆ ਸੀ। ਪੁਰਾਣੇ ਸੰਤਾਂ ਦੀਆਂ ਕਬਰਾਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹੀਆਂ ਸਨ ਅਤੇ ਉਹ ਖੁੱਲ੍ਹ ਗਈਆਂ ਸਨ। ਸੰਤ ਵੀ ਪ੍ਰਭਾਵਿਤ ਹੋਏ ਬਗੈਰ ਨਹੀਂ ਰਹੇ ਸਨ ਅਤੇ ਉਹ ਜੀਣ ਲਈ ਜੀ ਉੱਠੇ ਸਨ। ਇੱਥੋਂ ਤਕ ਕਿ ਸਲੀਬ ਦੇ ਕੋਲ ਪੱਥਰ ਦਿਲ ਲੋਕ ਵੀ ਪ੍ਰਭਾਵਿਤ ਹੋ ਗਏ ਸਨ। ਜਦ ਲੋਕਾਂ ਨੇ ਵੇਖਿਆ ਕਿ ਇਹ ਕੀ ਹੋ ਰਿਹਾ ਹੈ ਤਾਂ ਉਹ ਪੁਕਾਰ ਉੱਠੇ ਸਨ, ''ਸਚਮੁਚ, ਇਹ ਪਰਮੇਸ਼ੁਰ ਦਾ ਪੁੱਤਰ ਸੀ!'' (ਮੱਤੀ 27:54; ਵੇਖੋ ਮਰਕੁਸ 15:39; ਲੂਕਾ 23:47, 48)। ਕੀ *ਤੁਸੀਂ* ਪ੍ਰਭਾਵਿਤ ਹੋਏ ਹੋ? ਜੇ ਤੁਹਾਡਾ ਮਨ ਇਸ ਸੰਦੇਸ਼ ਨਾਲ ਪ੍ਰਭਾਵਿਤ ਹੋਇਆ ਹੈ, *ਅੱਜ ਹੀ* ਉਸ ਨੂੰ ਕਬੂਲ ਕਰ ਲਵੋ।[30]

---

ਟਿੱਪਣੀਆਂ

[1]ਇਸ ਸਰਮਨ ਲਈ ਵਿਚਾਰ ਵਿਲੀਅਮ ਆਰ. ਨਿਕੋਲਸਨ, *ਦ ਸਿਕਸ ਮਿਰੇਕਲ ਆਫ਼ ਕਲਵਰੀ* (ਸ਼ਿਗਾਗੋ: ਮੂਡੀ ਪ੍ਰੈੱਸ, 1928) ਤੋਂ ਲਿਆ ਗਿਆ ਹੈ। ਨਿਕੋਲਸਨ ਦੇ ''ਸਿਕਸ ਮਿਰੇਕਲ'' ਵਿਚ ਖਾਲੀ ਕਬਰ ਵਿਚ ਛੱਡੇ ਗਏ ਕਫ਼ਨ ਨੂੰ ਸਲੀਕੇ ਨਾਲ ਰੱਖਣ ਨੂੰ ਸ਼ਾਮਿਲ ਕਰਕੇ ਮੁਰਦਿਆਂ ਦੀ ਜ਼ਿੰਦਗੀ ਲਈ ਕਬਰਾਂ ਦੇ ਖੁੱਲ੍ਹਣ ਨੂੰ ਵੱਖ ਕੀਤਾ ਗਿਆ ਹੈ ਇਸ ਸਰਮਨ ਵਿਚ ਸਿਰਫ਼ ਚਾਰ ਹੀ ਮੋਅਜਜ਼ੇ ਦੱਸੇ ਗਏ ਹਨ: ਇਸ ਵਿਚ ਕਫ਼ਨ ਦੇ ਕੱਪੜੇ ਸ਼ਾਮਿਲ ਨਹੀਂ ਕੀਤੇ ਗਏ ਅਤੇ ਕਬਰਾਂ ਦੇ ਖੁੱਲ੍ਹਣ ਨੂੰ ਮੁਰਦਿਆਂ ਦੇ ਜੀ ਉੱਠਣ ਨਾਲ ਮਿਲਾ ਦਿੱਤਾ ਗਿਆ ਹੈ। [2]ਐਵਰਸਟ ਪਹਾੜ, ਦੁਨੀਆਂ ਦਾ ਸਭ ਤੋਂ ਉੱਚਾ ਪਹਾੜ ਹੈ, ਜੋ ਨੇਪਾਲ ਅਤੇ ਤਿੱਬਤ ਦੀ ਹਦ ਤੇ ਕੇਂਦਰੀ ਹਿਮਾਲਿਆ ਦੀਆਂ ਪਹਾੜੀਆਂ ਵਿਚ ਹੈ। ਇਸਦੀਆਂ ਦੋ ਚੋਟੀਆਂ ਹਨ, ਇਨ੍ਹਾਂ

ਵਿੱਚੋਂ ਉੱਚੀ ਚੋਟੀ (ਜਿਸ ਨੂੰ ਉੱਤਰੀ ਚੋਟੀ ਆਖਿਆ ਜਾਂਦਾ ਹੈ ) 29,035 ਫੁਟ (8,853.5 ਮੀਟਰ) ਉੱਚੀ ਹੈ। [3]ਨਿਕੋਲਸਨ, 17. [4]''ਚਮਤਕਾਰ'' ਇਕ *ਨਿਸ਼ਾਨ* ਦਾ ਹੈ ਜੋ ਇਹ ਸੰਕੇਤ ਦਿੰਦਾ ਹੈ ਕਿ ਕੁਝ ਅਤਿ ਮਹੱਤਵਪੂਰਣ (ਜਾਂ ਤਬਾਹਕੁੰਨ) ਹੋਣ ਵਾਲਾ ਹੈ। [5]''ਹੋਰੀਗਨ ਅਤੇ ਯੂਸਬਿਯੁਸ ਦੱਸਦੇ ਹਨ ਕਿ ਫਲੇਗਨ ਨਾਮਕ ਇਕ ਰੋਮੀ ਇਤਿਹਾਸਕਾਰ ਨੇ ... ਹਨੇਰੇ ਦੀ ਗੱਲ ਲਿਖੀ ਹੈ'' (ਆਰ. ਸੀ. ਫੋਸਟਰ, *ਸਟੱਡੀ ਇਨ ਦ ਲਾਈਫ਼ ਆਫ਼ ਕ੍ਰਾਈਸਟ* [ਗ੍ਰੈਂਡ ਰੈਪਿਡ, ਮਿਸ਼ਿਗਨ: ਬੇਕਰ ਬੁਕ ਹਾਊਸ, 1971], 1282)। ਇਕ ਆਰੰਭਿਕ ਮਸੀਹੀ ਅਪੋਲੋਜਿਸਟ ਟਰਟੂਲੀਅਨ ਨੇ ਇਸ ਘਟਨਾ ਦਾ ਜ਼ਿਕਰ ਕਰਨ ਵਾਲੇ ਰੋਮੀ ਪੁਰਾਲੇਖਾਂ ਦੀ ਗੱਲ (ਟਰਟੂਲੀਅਨ *ਅਪੋਲੋਜੀ* 21.20)। [6]''ਰੋਮੀ ਸਲੀਬ ਤੇ ਛੇ ਘੰਟੇ'' ਪਾਠ ਵਿਚ ਦਿੱਤੇ ਗਏ ਤਰਕਾਂ ਦੇ ਇਲਾਵਾ ਇਸ ਤੇ ਵਿਚਾਰ ਕਰੋ: ਗ੍ਰਹਿਣ ਕੁਝ ਹੀ ਮਿੰਟ ਤਕ ਰਹਿੰਦਾ ਹੈ, ਪਰ ਇਹ ਹਨੇਰਾ ਤਿੰਨ ਘੰਟੇ ਤਕ ਰਿਹਾ ਸੀ। [7]ਤੁਸੀਂ ''ਰੋਮੀ ਸਲੀਬ ਤੇ ਛੇ ਘੰਟੇ'' ਪਾਠ ਵਿਚ ''ਸਮੇਂ'' ਦੇ ਤਰਕ ਨੂੰ ਦੁਹਰਾਓ। [8]ਲਿਖਤ ਦੀ ਹਨੇਰੇ ਦੇ ਉਨ੍ਹਾਂ ਤਿੰਨ ਘੰਟਿਆਂ ਬਾਰੇ ਖਾਮੋਸ਼ੀ ਇਸ ਗੱਲ ਦਾ ਸੰਕੇਤ ਹੋ ਸਕਦੀ ਹੈ ਕਿ ਹੁੜਦੰਗ ਮਚਾਉਣ ਵਾਲੀ ਭੀੜ ਸ਼ਾਂਤ ਹੋ ਗਈ ਸੀ। ਤਿੰਨ ਘੰਟੇ ਪਹਿਲਾਂ ਇਹ ਭੀੜ ਜ਼ਲੀਲ ਕਰ ਰਹੀ ਸੀ। ਤਿੰਨ ਘੰਟਿਆਂ ਦੇ ਬਾਅਦ ਭੀੜ ਦੇ ਲੋਕ ਆਪਣੀਆਂ ਛਾਤੀਆਂ ਪਿੱਟ ਰਹੇ ਸਨ (ਲੂਕਾ 23:48)। [9]ਇਸ ਕਿਤਾਬ ਵਿਚ ''ਯਿਸੂ ਨੂੰ ਸਲੀਬ ਤੇ ਕਿਉਂ ਮਰਨਾ ਪਿਆ?'' ਪਾਠ ਵੇਖੋ। [10]''ਟੈਰਾਫ਼ਰਮਾ'' ਇਕ ਲਾਤੀਨੀ ਸ਼ਬਦ ਹੈ ਜਿਸ ਦਾ ਅਰਥ ਹੈ ''ਖੁਸ਼ਕ ਧਰਤੀ'' ਜਾਂ ''ਸਖ਼ਤ ਜ਼ਮੀਨ।''

[11]ਰਿਕਟਲ ਸਕੇਲ ਭੁਚਾਲਾਂ ਤੀਬਰਤਾ ਨੂੰ ਨਾਪਣ ਲਈ ਇਕ ਆਲਾ ਹੈ। ਇਸ ਦਾ ਨਾਂਅ ਚਾਰਲਸ ਰਿਕਟਰ ਦੇ ਨਾਂਅ ਤੇ ਰੱਖਿਆ ਗਿਆ ਸੀ, ਜਿਸ ਨੇ ਅਕਾਰ ਨੂੰ ਪੜ੍ਹਨ ਦੀ ਵਰਤੋਂ ਲਈ ਇਸ ਦੀ ਖੋਜ ਕੀਤੀ ਸੀ। [12]ਇਹ ਘਟਨਾਵਾਂ ਦੀ ਅਸਾਧਾਰਣ ਲੜੀ, ਜਿਸ ਨੂੰ ਭੁਚਾਲ ਆਖਦੇ ਹਨ। ਖ਼ੁਦਾ ਨੇ ਇਸੇ ਢੰਗ ਦੀ ਵਰਤੋਂ ਕੀਤੀ ਹੋ ਸਕਦੀ ਹੈ, ਪਰ ਘਟਨਾ ਦੇ ਸਮੇਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਤੋਂ ਵੱਧ ਕੇ ਵੀ ਕੁਝ ਸੀ। ਖ਼ੁਦਾ ਨੇ ਇਸ ਨੂੰ ਹੋਣ *ਦਿੱਤਾ*। [13]''ਰੋਮੀ ਸਲੀਬ ਤੇ ਛੇ ਘੰਟੇ'' ਪਾਠ ਵਿਚ ''ਪੂਰਾ ਹੋਇਆ ਹੈ'' ਸ਼ਬਦਾਂ ਤੇ ਨੋਟਸ ਵੇਖੋ। [14]ਪੜਦੇ ਬਾਰੇ ਸਾਡੇ ਕੋਲ ਸਿਰਫ਼ ਜੇ ਲੂਕਾ ਦਾ ਵੇਰਵਾ ਹੀ ਹੁੰਦਾ (ਲੂਕਾ 23:44, 45) ਤਾਂ ਅਸੀਂ ਇਹ ਨਿਚੋੜ ਕੱਢ ਸਕਦੇ ਸਾਂ ਕਿ ਇਹ ਘਟਨਾ ਹਨੇਰੇ ਦੇ ਤਿੰਨ ਘੰਟਿਆਂ ਦੌਰਾਨ ਵਾਪਰੀ। ਲੂਕਾ ਦੇ ਵਿਰਤਾਂਤ ਦੀ ਤੁਲਨਾ ਮੱਤੀ ਅਤੇ ਮਰਕੁਸ ਨਾਲ ਕਰਨ ਤੇ ਸਾਨੂੰ ਸਮਝ ਆਉਂਦੀ ਹੈ ਕਿ ਇਹ ਸਭ *''ਤੀਜੇ ਪਹਿਰ''* ਦੇ *ਅਖ਼ੀਰ* ਵਿਚ ਹੋਇਆ। [15]ਇਸ ਕਿਤਾਬ ਵਿਚ ਅੱਗੇ ਦਿੱਤਾ ਹੈਕਲ ਦਾ ਰੇਖਾਚਿੱਤਰ ਵੇਖੋ। [16]ਵੇਖੋ 1 ਰਾਜਿਆਂ 6:20. ਹੱਥ ਦੀ ਲੰਬਾਈ ਕੋਹਣੀ ਤੋਂ ਵਿਚਕਾਰਲੀ ਉਂਗਲ ਤਕ, ਡੇਢ ਕੁ ਫੁੱਟ (43–56 ਸੈਂਟੀਮੀਟਰ) ਹੁੰਦੀ ਸੀ। ਆਪਣੇ ਸੁਣਨ ਵਾਲਿਆਂ ਨੂੰ ਸਮਝਾਉਣ ਲਈ 30 ਫੁਟ ਉੱਚੀ ਅਤੇ 30 ਫੁਟ ਚੌੜਾਈ ਵਾਲੀ ਕਿਸੇ ਚੀਜ਼ ਨੂੰ ਵਿਖਾਉਂਦੇ ਹੋਏ 30 ਬਾਈ 30 ਦਾ ਅਰਥ ਸਮਝਾਓ। [17]ਸੁਲੇਮਾਨ ਦੀ ਹੈਕਲ ਨੂੰ ਬਾਬੁਲ ਦੇ ਲੋਕਾਂ ਵੱਲੋਂ ਯਰੂਸ਼ਲਮ ਦੀ ਬਰਬਾਦੀ ਵੇਲੇ ਤਹਿਸ–ਨਹਿਸ ਕਰ ਦਿੱਤਾ ਗਿਆ ਸੀ। ਇਸ ਨੂੰ ਜ਼ਰੂਬਾਬਿਲ ਰਾਹੀਂ ਫੇਰ ਤੋਂ ਬਣਾਇਆ ਗਿਆ ਅਤੇ ਫਿਰ ਹੇਰੋਦੇਸ ਮਹਾਨ ਰਾਹੀਂ। [18]ਹੈਕਲ ਵਿਚ ਪਵਿੱਤਰ ਸਥਾਨ ਦੇ ਅੰਦਰ ਸਤ ਸ਼ਾਖਾਵਾਂ ਵਾਲਾ ਇਕ ਸ਼ਮਾਦਾਨ ਸੀ (ਕੂਚ 25:31–35), ਪਰ ਸੁਲੇਮਾਨ ਦੀ ਹੈਕਲ ਵਿਚ ਦਸ ਸ਼ਮਾਦਾਨ ਸਨ (1 ਰਾਜਿਆਂ 7:49)। [19]ਨਿਕੋਲਸਨ, 41. [20]ਭੁਚਾਲ ਗਲਗਥਾ ਤਕ ਹੀ ਸੀਮਿਤ ਨਹੀਂ ਸੀ (ਇਹ ਨੇੜਲੀਆਂ ਕਬਰਾਂ ਤਕ ਸੀ; ਮੱਤੀ 27:51, 52), ਅਤੇ ਭੁਚਾਲ ਅਤੇ ਪੜਦੇ ਦਾ ਪਾਟਣਾ ਲਿਖਤ ਵਿਚ ਆਪੋ ਵਿਚ ਜੁੜੇ ਹੋਏ ਹਨ (ਮੱਤੀ 27:51), ਇਸ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਹੈਕਲ ਦਾ ਇਲਾਕਾ ਇਸ ਨਾਲ ਪ੍ਰਭਾਵਿਤ ਹੋਇਆ ਹੋਵੇਗਾ।

[21]ਹੈਰਾਨੀਜਨਕ ਢੰਗ ਨਾਲ ਪੜਦੇ ਦੇ ਪਾਟਣ ਦਾ ਸਭ ਯਾਜਕਾਂ ਨੂੰ ਪਤਾ ਹੋਵੇਗਾ, ਜਿਸ ਕਰਕੇ ਕਈ ਲੋਕ ਹੈਰਾਨ ਹੁੰਦੇ ਹਨ ਕਿ ਕਈ ਯਾਜਕਾਂ ਦੇ ਮਸੀਹੀ ਬਣਨ ਦਾ ਇਹੀ ਕਾਰਣ ਸੀ। (ਰਸੂਲਾਂ ਦੇ ਕੰਮ 6:7)। [22]ਮੈਂ ਪੜਦੇ ਦੇ ਡਿੱਗਣ ਦੀ ਤੁਲਨਾ ਪੂਰੇ ਕੀਤੇ ਗਏ ਮੁਆਇਦੇ ਨੂੰ ਪਾੜਣ ਨਾਲ ਕਰਦਾ ਹੈ (ਜਿਵੇਂ ਕਰਜ਼ਾ ਲਾਹ ਦਿੱਤੇ ਬਾਅਦ ਕਾਗਜ਼ ਪਾੜ ਦਿੱਤੇ ਜਾਂਦੇ ਹਨ)। ਅਜਿਹੇ ਮੁਆਇਦੇ ਨੂੰ ਪਾੜ ਦੇਣ ਦੇ ਬਾਅਦ ਕਿੰਨਾ ਸੁਕੂਨ

ਮਿਲਦਾ ਹੈ; ਮੈਂ ਇਹ ਸੁਝਾਅ ਦਿੰਦਾ ਹਾਂ ਕਿ ਪੜਦੇ ਦਾ ਪਾਟ ਜਾਣਾ ਪੁਰਾਣੇ ਨੇਮ ਦੇ ਸਬੰਧ ਵਿਚ ਖ਼ੁਦਾ ਵੱਲ ''ਪਾੜਨ ਦਾ ਸਮਾਰੋਹ'' ਸੀ। [23]ਜਿੱਥੇ ਤੁਸੀਂ ਸਿਖਾਉਂਦੇ ਜਾਂ ਪ੍ਰਚਾਰ ਕਰਦੇ ਹੋ ਉੱਥੇ ਦੇ ਮੁਤਾਬਿਕ ਇਸ ਵਿਚਾਰ ਨੂੰ ਵਿਸਤਾਰ ਦਿਓ। ਕੁਝ ਲੋਕ ਆਪਣੇ ਇਖ਼ਤਿਆਰ ਲਈ ਪੁਰਾਣੇ ਨੇਮ ਦੀ ਵਰਤੋਂ ਕਰਕੇ ''ਪੜਦੇ ਨੂੰ ਖੜਾ ਕਰਨ'' ਦੀ ਕੋਸ਼ਿਸ਼ ਕਰਦੇ ਹਨ। ਕੁਝ ਲੋਕ ਵਚਨ ਵਿੱਚੋਂ ਬਾਹਰ ਦੀ ਯਾਜਕਾਈ ਨੂੰ ਕਾਇਮ ਕਰਕੇ ਅਜਿਹਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਹੋਰ ਲੋਕ ਵੱਖੋ ਵੱਖ ਜਮਾਤਾਂ ਵਿਚ ਦੀਵਾਰਾਂ ਖੜੀਆਂ ਕਰਕੇ ਅਜਿਹਾ ਕਰਨ ਦੀ ਕੋਸ਼ਿਸ਼ ਕਰਦੇ ਹਨ। [24]ਪੁਰਾਤੱਤਵ ਵਿਗਿਆਨੀ ਇਸ ਗੱਲ ਦੀ ਤਸਦੀਕ ਕਰਦੇ ਹਨ ਕਿ ਉਸ ਇਲਾਕੇ ਵਿਚ ਦਫ਼ਨਾਉਣ ਦੀਆਂ ਕਈ ਥਾਵਾਂ ਸਨ। [25]''ਸੰਤ'' ਸ਼ਬਦ ਤੋਂ ਭਾਵ ''ਵੱਖ ਕੀਤੇ ਹੋਏ'' ਹੈ। ਜਦ ਅਸੀਂ ਖ਼ੁਦਾ ਦੀ ਸੰਤਾਨ ਬਣ ਜਾਂਦੇ ਹਾਂ ਤਾਂ ਸਾਨੂੰ ਖ਼ੁਦਾ ਦੀ ਸੇਵਾ ਲਈ ਵੱਖ ਕਰ ਦਿੱਤਾ ਜਾਂਦਾ ਹੈ। [26]ਜੇ ਲੋਕਾਂ ਨੂੰ ਪਤਾ ਨਹੀਂ ਸੀ ਕਿ ਉਹ ਕੌਣ ਸਨ, ਤਾਂ ਉਨ੍ਹਾਂ ਨੇ ਇਹ ਮੰਨ ਲਿਆ ਹੋਵੇਗਾ ਕਿ ਉਹ ਸ਼ਹਿਰ ਤੋਂ ਬਾਹਰ ਦੇ ਅਜਨਬੀ ਹਨ। [27]ਦੂਜੇ ਸ਼ਬਦਾਂ ਵਿਚ, ਉਨ੍ਹਾਂ ਦਾ ਜੀ ਉੱਠਣਾ ਮਸੀਹ ਦੇ ਜੀ ਉੱਠਣ ਵਾਂਗ ਨਹੀਂ ਸੀ, ਜੋ ਕਦੇ ਨਾ ਮਰਨ ਲਈ ਜੀ ਉੱਠਿਆ। [28]ਮੈਂ ਸਿਰਫ਼ ਉਨ੍ਹਾਂ ਤਿੰਨ ਜਣਿਆਂ ਦੀ ਗੱਲ ਸੋਚ ਸਕਦਾ ਹਾਂ ਜਿਹੜੇ ਮੁਰਦਿਆਂ ਵਿੱਚੋਂ ਜੀ ਉੱਠੇ ਸਨ (ਵੇਖੋ 1 ਰਾਜਿਆਂ 17; 2 ਰਾਜਿਆਂ 4; 13), ਤਿੰਨ ਮਸੀਹ ਦੀ ਸੇਵਕਾਈ ਦੌਰਾਨ (ਮੱਤੀ 9; ਲੂਕਾ 7; ਯੂਹੰਨਾ 11) ਅਤੇ ਦੋ ਰਸੂਲਾਂ ਦੇ ਕੰਮ ਕਿਤਾਬ ਵਿਚ ਦਰਜ ਰਸੂਲਾਂ ਦੀ ਸੇਵਕਾਈ ਦੌਰਾਨ ਦੇ ਸਨ (ਰਸੂਲਾਂ ਦੇ ਕੰਮ 9; 20)। [29]''ਪਹਿਲਾ ਫਲ'' ਫਸਲ ਦਾ ਪਹਿਲਾ ਹਿੱਸਾ ਹੁੰਦਾ ਸੀ ਜੋ ਖ਼ੁਦਾ ਨੂੰ ਪੇਸ਼ ਕੀਤਾ ਜਾਂਦਾ ਸੀ (ਵੇਖੋ ਕੂਚ 23:19)। ਇਕ ਅਰਥ ਵਿਚ, ਪਹਿਲਾ ਫਲ ਬਾਕੀ ਫਸਲ ਦੇ ਚੰਗਾ ਹੋਣ ਦੀ ਗਰੰਟੀ ਸੀ। [30]ਤੁਹਾਨੂੰ ਆਪਣੇ ਸੁਣਨ ਵਾਲਿਆਂ ਨੂੰ ਦਸਣਾ ਚਾਹੀਦਾ ਹੈ ਕਿ ਮਸੀਹੀ ਕਿਵੇਂ ਬਣਿਆ ਜਾਂਦਾ ਹੈ (ਮਰਕੁਸ 16:15, 16) ਅਤੇ ਭਟਕਿਆ ਹੋਇਆ ਮਸੀਹੀ ਘਰ ਵਾਪਸ ਕਿਵੇਂ ਆ ਸਕਦਾ ਹੈ (ਰਸੂਲਾਂ ਦੇ ਕੰਮ 8:22; ਯਾਕੂਬ 5:16)।

**ਹੇਰੋਦੇਸ ਦੀ ਹੈਕਲ**

